# FEMININE SENSATION IN SHIV KUMAR'S POETRY

# ਸ਼ਿਵ ਕੁਮਾਰ ਦੀ ਕਵਿਤਾ ਵਿੱਚ ਨਾਰੀ ਸੰਵੇਦਨਾ

**ਡਾ. ਅਮਨਦੀਪ** (Dr. Amandeep)

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ**

**ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈਡ, ਸ੍ਰੀ ਗੰਗਾਨਗਰ (ਰਾਜ.)**

Email ID: amanbansal1977@gmail.com ਮੋਬਾਈਲ: +91- 98555-95818

**ABSTRACT**

ਨਰ-ਨਾਰੀ ਦੀ ਸਾਂਝ ਸਦੀਵੀਂ ਹੈ। ਇਨ੍ਹਾਂ ਵਿੱਚ ਨਾ ਕੋਈ ਉੱਚਾ ਹੈ, ਨਾ ਨੀਵਾਂ, ਨਾ ਵੱਡਾ, ਨਾ ਛੋਟਾ, ਨਾ ਸੁਤੰਤਰ ਹੈ ਤੇ ਨਾ ਹੀ ਕਿਸੇ ਵਿਸ਼ੇਸ਼ ਬੰਧਨ ਦਾ ਮੁਹਤਾਜ ਹੈ। ਪਤੀ-ਪਤਨੀ ਦੋਵੇਂ ਹੀ ਸਮਾਂ ਪੈਣ ਤੇ ਆਪਣਾ-ਆਪਣਾ ਕਰਤੱਵ ਨਿਭਾਉਂਦੇ ਹਨ। ਦੁਨੀਆਂ ਦਾ ਚੱਲਣਾ ਨਾ ਇਕੱਲੇ ਆਦਮੀ ਦੇ ਸਿਰ ਤੇ ਹੈ ਅਤੇ ਨਾ ਇਕੱਲੀ ਨਾਰੀ ਅਨੁਸਾਰ ਹੀ ਹੈ। ਨਰ-ਨਾਰੀ ਦੇ ਸੰਬੰਧ ਅਨਿੱਖੜ ਹਨ। ਸਾਡੇ ਪ੍ਰਾਚੀਨ ਵਿਰਸੇ ਵਿੱਚ 'ਅਰਧ ਸਰੀਰੀ ਮੋਖ ਦੁਆਰੀ' ਦਾ ਜੋ ਸੰਕਲਪ ਪੇਸ਼ ਕੀਤਾ ਗਿਆ ਸੀ। ਉਹ ਇਹੀ ਅਸਲ ਸਚਾਈ ਤੇ ਟਿਕਿਆ ਹੈ ਕਿ ਸੰਸਾਰਕ ਕਾਰ-ਵਿਹਾਰ ਲਈ ਆਦਮੀ-ਔਰਤ ਦਾ ਯੋਗਦਾਨ ਬਰਾਬਰ ਹੋਣਾ ਜਰੂਰੀ ਹੈ। ਸਮਾਜਿਕ ਵਿਵਸਥਾ ਵਿੱਚ ਇੱਕ ਧਿਰ ਦਾ ਭਾਰੂ ਹੋ ਜਾਣਾ ਅਸੰਤੁਲਨ ਪੈਦਾ ਹੋ ਜਾਂਦਾ ਹੈ। ਸ਼ਿਵ ਕੁਮਾਰ ਅਜੇਹਾ ਸ਼ਾਇਰ ਹੈ ਜਿਸ ਨੇ ਔਰਤ ਦੇ ਦੁੱਖ ਦਰਦਾਂ ਨੂੰ, ਵਿਗਿਆਨਕ ਦ੍ਰਿਸ਼ਟੀ ਤੋਂ ਵਾਚਿਆ ਹੈ। ਸ਼ਿਵ ਕਾਵਿ ਦਾ ਮੁੱਖ ਵਿਸ਼ਾ ਹੀ ਨਾਰੀ ਦੀ ਸੰਵੇਦਨਾ ਹੈ। ਸ਼ਿਵ ਦੀ ਸੰਪੂਰਨ, ਕਾਵਿ ਰਚਨਾ, ਨਾਰੀ ਦੀ ਪੀੜ ਦੇ ਦੁਆਲੇ ਘੁੰਮਦੀ ਹੈ। ਨਾਰੀ ਦੇ ਹਰ ਪੱਖ ਨੂੰ ਲੈ ਕੇ ਕੀਤੀ ਬਿਆਨਬਾਜੀ ਔਰਤ ਦੇ ਅੰਦਰੂਨੀ ਵਲਵਲਿਆਂ ਨੂੰ ਸਾਹਮਣੇ ਲਿਆਉਂਦੀ ਹੈ।

***ਕੀਵਰਡ :*** *ਸ਼ਿਵ ਕੁਮਾਰ ਬਟਾਲਵੀ, ਨਾਰੀ ਸੰਵੇਦਨਾ, ਸਮਾਜਿਕ ਵਿਵਸਥਾ, ਬੇ-ਇਨਸਾਫ਼ੀ, ਸਦਾਚਾਰਕ, ਜ਼ੁਲਮ।*

ਨਾਰੀ ਦੀ ਸੰਵੇਦਨਾ ਇੱਕ ਡੂੰਘੀ ਸਮਝ ਦਾ ਵਿਸ਼ਾ ਹੈ। ਆਦਿ ਕਾਲ ਤੋਂ ਘਰ ਦੇ ਰੱਥ ਦਾ ਇੱਕ (ਬਰਾਬਰ ਦਾ) ਪਹੀਆ ਕਹੀ ਜਾਣ ਵਾਲੀ ਔਰਤ, ਮਮਤਾ ਦਾ ਰੂਪ ਹੀ ਵਿਖਾਲਦੀ ਆ ਰਹੀ ਹੈ। ਨਾਰੀ ਦੇ ਮਨ ਦੇ ਭਾਵ, ਵਿਚਾਰ, ਇੱਛਾਵਾਂ ਦੀ ਕਦਰ ਕਦੇ ਵੀ ਪੂਰਨ ਰੂਪ ਵਿੱਚ ਨਹੀਂ ਪਾਈ ਗਈ।

ਜੰਗਲੀ ਜੀਵਨ ਤੋਂ ਬਾਦ ਮਨੁੱਖ ਨੇ ਇੱਕ ਥਾਂ ਰਹਿ ਕੇ ਸਮਾਜ ਸਿਰਜਿਆ। ਇਸ ਵਿੱਚ ਨਾਰੀ ਨੇ ਘਰੇਲੂ, ਖੇਤੀਬਾੜੀ ਅਤੇ ਸ਼ਿਕਾਰ ਕਰਨ ਵਿੱਚ ਆਪਣਾ ਹਿੱਸਾ ਪਾਇਆ। ਇਸ ਨੂੰ ਵਿਸ਼ੇਸ਼ਣ ਤਾਂ ਬਹੁਤ ਦਿੱਤੇ ਗਏ ਪਰੰਤੂ ਹੱਕਾਂ ਤੋਂ ਹਮੇਸ਼ਾ ਵਾਂਝਿਆਂ ਹੀ ਰੱਖਿਆ ਗਿਆ। ਸ਼ਿਕਾਰੀ ਅਵਸਥਾ ਤੋਂ ਬਾਦ ਖੇਤੀਬਾੜੀ/ਕਿਸਾਨੀ ਯੁੱਗ ਆਇਆ ਤਾਂ ਸਮਾਜ ਵਿੱਚ ਜਗੀਰਦਾਰੀ ਸਿਸਟਮ ਭਾਰੂ ਹੋ ਗਿਆ। ਔਰਤ ਉੱਤੇ ਤਕੜਿਆਂ ਦਾ ਕਬਜ਼ਾ ਅਤੇ ਵਪਾਰ ਸ਼ੁਰੂ ਹੋ ਗਿਆ।

ਸਾਮਰਾਜਵਾਦ ਵਿੱਚ ਵਪਾਰੀਕਰਨ, ਕਾਰਖਾਨੇਦਾਰ ਅਤੇ ਨੌਕਰੀ ਸਿਸਟਮ ਸ਼ੁਰੂ ਹੋਇਆ ਤਾਂ ਔਰਤ ਕਾਰਖਾਨਿਆਂ ਦਾ ਪੁਰਜ਼ਾ ਬਣ ਕੇ ਰਹਿ ਗਈ। ਵਪਾਰੀ ਦਾ, ਵਪਾਰ ਮਾਲ। ਉਸ ਦਾ ਰੱਜ ਕੇ ਸ਼ੋਸ਼ਣ ਹੋਇਆ। ਦਫ਼ਤਰਵਾਦ ਸ਼ੁਰੂ ਹੋਇਆ ਤਾਂ ਔਰਤ ਪੜ੍ਹਾਈ ਵਿੱਚ ਅੱਗੇ ਵਧੀ, ਇਹ ਵੀ ਉਸਦੇ ਵਿਰੋਧ ਵਿੱਚ ਹੀ ਗਿਆ। ਦਫਤਰ ਬਰਾਬਰ ਕੰਮ ਕਰਕੇ, ਬਰਾਬਰ ਤਨਖ਼ਾਹ ਲੈ ਕੇ ਵੀ ਉਹ ਘਰੇਲੂ ਕੰਮ ਲਈ ਜਿੰਮੇਵਾਰ ਹੈ। ਉਸ 'ਤੇ ਦੋਹਰੀ ਮਾਰ ਪਈ। ਬੱਚਿਆਂ ਦਾ ਪਾਲਣ-ਪੋਸ਼ਣ ਬਰਾਬਰ ਹੀ ਚੱਲਦਾ ਰਿਹਾ। ਹੁਣ 'ਦਹੇਜ' ਦਾ ਦੂਸਰਾ ਨਾਂ 'ਨੌਕਰੀ ਵਾਲੀ ਬਹੂ' ਹੋ ਗਿਆ ਹੈ। 'ਆਈਲਟਸ ਪਾਸ' ਕਰਕੇ ਬਾਹਰ ਵਿਦੇਸ਼ ਜਾਣਾ ਵੀ ਔਰਤ ਲਈ ਸ਼ਰਤ ਬਣ ਗਿਆ ਹੈ।

ਅੱਜ ਆਰਥਿਕ ਤੌਰ ਤੇ ਸੰਪੰਨ ਹੋਣ ਕਰਕੇ ਔਰਤ ਦੀ ਆਜ਼ਾਦੀ ਲਈ ਕਈ ਦਰ ਖੁੱਲ੍ਹੇ ਹਨ। ਉਹ ਖੇਡਾਂ, ਵਪਾਰ, ਫੌਜ, ਦਫਤਰਾਂ, ਦੁਕਾਨਾਂ, ਨੌਕਰੀਆਂ, ਗੱਲ ਕੀ ਹਰ ਖੇਤਰ ਵਿੱਚ ਆਪਣੀ ਯੋਗਤਾ ਨਾਲ ਅੱਗੇ ਵੱਧ ਰਹੀ ਹੈ। ਉਹ ਰਾਜਨੀਤਕ ਨੇਤਾ ਬਣ ਕੇ, ਲੇਖਕ ਬਣ ਕੇ ਆਪਣੇ ਹੱਕ ਮੰਗ ਰਹੀ ਹੈ। ਆਪਣੀ ਗੱਲ ਵਕੀਲ ਤੇ ਦਲੀਲ ਨਾਲ ਕਰਦੀ ਹੈ।

ਬਹੁਤ ਸਾਰੇ ਲੇਖਕਾਂ ਵਾਂਗ ਸ਼ਿਵ ਨੇ ਵੀ ਔਰਤ ਦੇ ਹੱਕ ਦੀ ਗੱਲ ਕੀਤੀ ਹੈ। ਸ਼ਿਵ ਮੁਤਾਬਿਕ ਔਰਤ ਦੀ ਮਰਜੀ ਅਨੁਸਾਰ ਉਸਦਾ ਪਿਆਰ ਸਿਰੇ ਚੜ੍ਹਨਾ ਚਾਹੀਦਾ ਹੈ। ਉਸਦੀ ਆਜ਼ਾਦੀ ਉੱਤੇ ਪਹਿਰੇ ਨਹੀਂ ਲੱਗਣੇ ਚਾਹੀਦੇ। ਸ਼ਿਵ ਨੇ ਪਿਛਲੇ 100 ਸਾਲ ਦੇ ਭਾਰਤੀ ਸਮਾਜ ਵਿੱਚ ਨਾਰੀ ਦੀ ਅਸਲੀ ਹਾਲਤ ਬਿਆਨ ਕੀਤੀ ਹੈ। ਆਪਣੀ ਕਵਿਤਾ ਵਿੱਚ ਆਏ ਮੋੜ ਬਾਰੇ ਸ਼ਿਵ ਨੇ ਸਪੱਸ਼ਟ ਆਇਆ ਹੈ-

> *"ਠੀਕ ਹੈ ਯਾਰੋ, ਮੇਰੀਆਂ ਪਹਿਲੀਆਂ ਨਜ਼ਮਾਂ ਕੇਵਲ ਨਿੱਜੀ ਪੀੜਾਂ ਦੀਆਂ ਲਖਾਇਕ ਸਨ ਪਰ ਮੈਂ ਉਦੋਂ ਗਲਤ ਰਾਹ ਤੇ ਤੁਰ ਰਿਹਾ ਸੀ। ਅਜੇ ਨਿਆਣਾ ਸਾਂ, ਯਾਰ ਉਦੋਂ ਪਰ ਹੁਣ ਮੈਂ ਬਹੁਤ ਅੱਗੇ ਆ ਗਿਆ ਹਾਂ।"*[1]

ਸ਼ਿਵ ਕੁਮਾਰ ਦੀ ਕਾਵਿ ਰਚਨਾ ਦਾ ਧੁਰਾ ਨਾਰੀ ਹੈ। ਔਰਤ ਦੇ ਦੁੱਖ ਨੂੰ

ਉਸਨੇ ਆਪਣੀ ਪੀੜ ਸਮਝ ਕੇ ਲਿਖਿਆ ਹੈ। ਇਨ੍ਹਾਂ ਪੀੜ੍ਹਾਂ ਨੂੰ ਉਸ ਨੇ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ। ਖ਼ਾਸ ਤੌਰ ਤੇ ਲੂਣਾ, ਨੂਰਾਂ, ਸ਼ੀਸ਼ੋ, ਗਰਭਵਤੀ, ਕੰਡਿਆਲੀ ਥੋਰ ਵਰਗੀਆਂ ਉਸਦੀਆਂ ਰਚਨਾਵਾਂ ਵਿੱਚ ਇਹ ਗੱਲ ਸਿਖਰ ਤੇ ਹੈ-

*ਏਸ ਸ਼ਹਿਰ ਦੀ ਚੌੜੀ ਹਿੱਕ ਤੇ*
*ਮੇਰੇ ਜਹੀਆਂ ਲੱਖਾਂ ਕੰਜਕਾਂ*
*ਇੱਕ ਤੋਲਾ ਤਾਂਬੇ ਦੀ ਖ਼ਾਤਿਰ*
*ਵਿੱਚ ਚੌਰਾਹੀਂ ਵਿਕਣ ਨੀ*
*ਹੋ-ਹੋ ਨੰਗੀਆਂ*[2]

'ਚਾਂਦੀ ਦੀਆਂ ਗੋਲੀਆਂ' ਕਵਿਤਾ ਵਿੱਚ ਸ਼ਿਵ ਨੇ ਸੱਚੇ ਪਿਆਰ ਬਾਰੇ ਲਿਖਿਆ ਹੈ ਕਿ ਇਸ ਤੇ ਲੱਗੀਆਂ ਪਾਬੰਦੀਆਂ ਕਿਵੇਂ ਪਿਆਦਿਆਂ ਨੂੰ ਖ਼ਤਮ ਕਰ ਦਿੰਦੀਆਂ ਹਨ-

*ਮੰਨਿਆ ਪਿਆਰ ਭਾਵੇਂ,*
*ਰੂਹਾਂ ਦਾ ਹੀ ਮੇਲ ਹੁੰਦੈ,*
*ਦੇਰ ਪਾ ਕੇ ਸਿਉਂਕ-*
*ਲੱਗ ਜਾਂਦੀ ਹੈ ਸਰੀਰਾਂ ਨੂੰ।*
*ਲੰਘਦੈ ਜਵਾਨੀਆਂ ਦਾ-*
*ਹੜ੍ਹ ਬੜੀ ਛੇਤੀ-ਛੇਤੀ,*
*ਸਾਉਣ ਤੇ ਜੰਗਾਲ ਦੇਂਦਾ,*
*ਨੈਣਾਂ ਦਿਆਂ ਤੀਰਾਂ ਨੂੰ*[3]

ਸ਼ਿਵ ਦੀ ਕਵਿਤਾ ਵਿੱਚ, ਨਾਰੀ ਦੇ ਦੁੱਖਾਂ ਦੀ 'ਵੇਦਨਾ' ਬਨਸਪਤੀ, ਪਸ਼ੂ-ਪੰਛੀਆਂ ਅਤੇ ਕੁਦਰਤੀ ਵਰਤਾਰਿਆਂ ਨਾਲ ਮੇਲ ਕੇ ਲਿਖੀ ਹੈ। ਸ਼ਿਵ ਨੇ ਔਰਤ ਦੀ ਦੁਖੀ ਜ਼ਿੰਦਗੀ ਨੂੰ ਰੋਹੀ ਵਾਂਗ ਲਿਖਦਿਆਂ ਇਸ 'ਚੋਂ ਭੱਖੜੇ ਦੇ ਕੰਡਿਆਂ ਨਾਲ ਨਿਵੇਕਲੀ ਤਸਵੀਰ ਦਿੱਤੀ ਹੈ।

ਸ਼ੀਸ਼ੋ ਦੀ ਕਥਾ ਵਿੱਚ ਸ਼ਿਵ ਨੇ ਗਰੀਬੀ ਦੀ ਮਜਬੂਰੀ ਵਿੱਚ ਨਾਰੀ ਦੀ ਖ਼ਾਹਸ਼ ਕਿਵੇਂ ਵਲੂੰਧਰੀ ਜਾਂਦੀ ਹੈ, ਲਿਖਿਆ ਹੈ। ਲੰਮੀ ਕਵਿਤਾ ਸਾਰੀ ਹੀ ਕਵੀ ਦੀ ਨਾਰੀ ਪ੍ਰਤੀ ਵੇਦਨਾ ਹੈ-

*ਪੁੰਨਿਆਂ ਦਾ ਚੰਨ ਵੇਖ ਰਿਹਾ ਸੀ,*
*ਚਾਨਣ ਆਏ ਮਕਾਣੇ।*
*ਪੌਣਾਂ ਦੇ ਗਲ ਲੱਗ ਲੱਗ ਰੋਵਣ,*
*ਸ਼ੀਸ਼ੋ ਨੂੰ ਮਰ ਜਾਣੇ।*
*ਅੱਗ ਮਘੇ ਸ਼ੀਸ਼ੋ ਦੀ ਮੜੀਏ,*
*ਲੋਗੜ ਵਾਂਗ ਪੁਰਾਣੇ।*
.....
*ਉਸ ਘਰ ਜੰਮੇ ਨ ਕੋਈ ਸ਼ੀਸ਼ੋ,*
*ਜਿਸ ਘਰ ਹੋਣ ਨਾ ਦਾਣੇ*[4]

ਸ਼ੀਸ਼ੋ ਦੀ ਕਥਾ ਸਰਮਾਏਦਾਰੀ ਯੁੱਗ ਦੀ ਕਹਾਣੀ ਹੈ। ਹਰ ਉਸ ਚੀਜ਼, ਜੀਵ ਅਤੇ ਸੰਪਤੀ ਤੇ ਕਬਜ਼ਾ ਕਰਨ ਦੀ ਭਾਵਨਾ ਜੋ ਉਸਨੂੰ ਚੰਗੀ ਲੱਗਦੀ ਹੈ। ਅਸੀਂ ਇਤਿਹਾਸ ਅੰਦਰ ਪੜ੍ਹਦੇ ਹਾਂ ਕਿ ਕਈ ਰਾਜੇ, ਨਵਾਬਾਂ ਨੇ ਸੈਂਕੜੇ ਇਸਤਰੀਆਂ ਭੋਗਣ ਲਈ ਰੱਖੀਆਂ ਸਨ। ਇਸੇ ਗੱਲ ਨੂੰ ਲੈ ਕੇ ਸ਼ਿਵ ਨੇ ਸ਼ੀਸ਼ੋ ਨਾਲ ਆਪਣੀ ਹਮਦਰਦੀ ਦਿਖਾਈ ਹੈ ਕਿ ਸ਼ੀਸ਼ੋ ਦਾ ਪਿਓ ਗਰੀਬ ਹੈ। ਸ਼ੀਸ਼ੋ ਸੁੰਦਰ ਹੈ, ਜਿੰਮੀਦਾਰ ਅਮੀਰ ਹੈ। ਇਹ ਤਿੰਨੇ ਗੱਲਾਂ ਉਸ ਦੀਆਂ ਦੁਸ਼ਮਣ ਹਨ। ਅਗਰ ਇਨ੍ਹਾਂ ਵਿੱਚੋਂ ਇੱਕ ਵੀ ਨਾ ਹੁੰਦੀ ਤਾਂ ਸ਼ੀਸ਼ੋ ਉੱਪਰ ਜ਼ੁਲਮ ਨਾ ਹੁੰਦਾ। ਸ਼ਿਵ ਦੀ ਸ਼ੀਸ਼ੋ, ਉਸ ਨਾਰੀ ਦੀ ਪ੍ਰਤੀਨਿੱਧਤਾ ਕਰ ਰਹੀ ਹੈ ਜੋ ਸਦੀਆਂ ਤੋਂ ਅਜੇਹਾ ਦਰਦ ਸਹਿੰਦੀ ਆ ਰਹੀ ਹੈ-

*ਮਟਕ-ਚਾਨਣੇ ਵਾਕਣ ਉਸਦੀ,*
*ਜਾਨ ਲਬਾਂ ਤੇ ਆਈ।*
*ਲੋ ਲਗਦੀ ਉਹਦੀ ਰੂਹ ਧੀ ਜਾਪੇ,*
*ਲੱਭੇ ਕਿਰਨ ਨਾ ਕਾਈ।*
*ਜਿਸ ਪਲ ਪੁੱਟਿਆ ਪੈਰ ਘਰੇ ਥੀਂ,*
*ਉਸ ਪਲ ਥੀਂ ਪਛਤਾਈ।*
*ਸਾਰੀ ਰੈਣ ਨਿਮਾਣੀ ਸ਼ੀਸ਼ੋ,*
*ਪਾਸੇ ਪਰਤ ਵਿਹਾਈ*[5]

ਸ਼ਿਵ ਨੇ ਸ਼ੀਸ਼ੋ ਰਾਹੀਂ ਸਾਡੇ ਸਮਾਜ ਅੰਦਰ ਸਦੀਆਂ ਤੋਂ ਹੁੰਦੀ ਆ ਰਹੀ ਬੇ-ਇਨਸਾਫ਼ੀ ਬਾਰੇ ਹਉਂਕਾ ਭਰਿਆ ਹੈ। ਸ਼ਿਵ ਦੀ ਕਵਿਤਾ, ਨਾਰੀ ਦੀ ਵੇਦਨਾ, ਸ਼ਿਵ ਤੇ ਨਾਰੀ ਦਾ ਦਰਦ, ਇੱਕ-ਮਿੱਕ ਹੋ ਗਏ ਹਨ। ਇਨ੍ਹਾਂ ਦਾ ਨਿਖੇੜ ਕਰਨਾ ਮੁਸ਼ਕਿਲ ਹੈ। ਸ਼ਿਵ ਕਾਵਿ ਅੰਦਰ ਨਾਰੀ ਦੀ ਵੇਦਨਾ ਹਰ ਥਾਂ ਸ਼ਾਮਲ ਹੈ।

ਨੂਰਾਂ ਨਾਂ ਦੀ ਇੱਕ ਲੰਮੀ ਕਵਿਤਾ ਵਿੱਚ, ਸ਼ਿਵ ਨੇ ਮੁਟਿਆਰ ਨੂਰਾਂ ਰਾਹੀਂ ਉਸ ਦੇ ਅਧੂਰੇ ਪਿਆਰ ਸੰਬੰਧੀ ਰੁਦਨ ਕੀਤਾ ਹੈ। ਨੂਰਾਂ ਸ਼ਬਦ ਦਾ ਅਰਥ 'ਪ੍ਰਕਾਸ਼' ਜਾਂ ਚਾਨਣ ਹੁੰਦਾ ਹੈ ਪਰ ਉਸਦੀ ਜ਼ਿੰਦਗੀ ਹਨੇਰੀ ਹੈ। ਉਸਦਾ ਸਾਥੀ ਉਸ ਨੂੰ ਧੋਖਾ ਦੇ ਗਿਆ ਹੈ। ਨੂਰਾਂ ਉਸਦੀ ਯਾਦ ਵਿੱਚ ਦੀਵਾ ਜਗਾਉਂਦੀ ਹੈ। ਹਰ ਰੋਜ਼ ਉਡੀਕਦੀ ਹੈ। ਅਜੇਹੀ ਉਡੀਕ ਲਈ ਸ਼ਿਵ ਉਸ ਨਾਲ ਹਮਦਰਦੀ ਕਰਦਾ ਹੈ-

*ਹਰ ਉਮਾਵਸ ਦੀ ਹਨੇਰੀ ਰਾਤ ਨੂੰ,*
*ਆ ਕੇ ਉੱਥੇ ਬੈਠਦੇ ਨੇ ਦਿਲ-ਜਲੇ।*
*ਲੈ ਕੇ ਉਸ ਦੀਵੇ 'ਚੋਂ ਬੂੰਦ ਇੱਕ ਤੇਲ ਦੀ,*

*ਯਾਰ ਦੇ ਹੋਠਾਂ ਤੇ ਹਰ ਕੋਈ ਮਲੇ।*[6]

ਇਸ ਤਰ੍ਹਾਂ ਪਤਾ ਨਹੀਂ, ਇਤਿਹਾਸ-ਮਿਥਿਹਾਸ ਵਿੱਚ ਕਿੰਨੀਆਂ ਹੀ ਨਾਰੀਆਂ ਇਸ ਤਰ੍ਹਾਂ ਰੁਦਨ ਕਰਦੀਆਂ ਸੜ-ਮੁੱਕ ਗਈਆਂ ਹਨ। ਸ਼ਿਵ ਨੇ ਇਨ੍ਹਾਂ ਪਾਤਰਾਂ ਰਾਹੀਂ ਅਜੇਹੇ ਦਰਦ ਭਰੇ ਰੁਦਨ ਕੀਤੇ ਹਨ। ਪੰਜਾਬੀ ਭੌਰਿਆਂ ਦੇ ਸਦੀਵੀ ਕਿੱਸੇ ਅਜੇਹੀਆਂ ਅਮਰ ਉਦਾਹਰਨਾਂ ਬਣੀਆਂ ਰਹਿਣਗੀਆਂ। ਸ਼ਿਵ ਨੇ ਸਮਾਜ ਦੇ ਜ਼ੁਲਮਾਂ ਬਾਰੇ ਲਿਖਿਆ ਹੈ-

*ਅਨੇਕ ਸੱਸੀਆਂ,*
*ਸਮਾਜ ਰੇਤਿਆਂ ਨੇ ਸਾੜੀਆਂ।*
*ਬੇਅੰਤ ਪਾਪ ਦੀ ਝਨਾਂ 'ਚ*
*ਸੋਹਣੀਆਂ ਸੰਘਾਰੀਆਂ।*
*ਗੁਨਾਹ ਤੇ ਹਿਰਸ ਹਵਸ ਨੇ,*
*ਜੋ ਮਾਰੀਆਂ ਉਡਾਰੀਆਂ।*[7]

ਨਾਰੀ ਦੀ ਸੰਵੇਦਨਾ ਸ਼ਿਵ ਦੀ ਕਾਵਿ-ਰਚਨਾ ਦਾ ਮੁੱਖ ਵਿਸ਼ਾ ਹੈ। ਉਸਨੇ ਹਰ ਨਾਰੀ ਦੇ ਹੱਕ ਵਿੱਚ ਗੱਲ ਕੀਤੀ ਹੈ ਜਿਸਦਾ ਹੱਕ ਮਾਰਿਆ ਗਿਆ ਹੈ। ਸ਼ਿਵ ਨੂੰ ਉਸਦਾ ਦਰਦ ਆਪਣਾ ਹੀ ਲੱਗਦਾ ਹੈ।

ਨਰ-ਨਾਰੀ ਦੀ ਸਾਂਝ ਸਦੀਵੀਂ ਹੈ। ਇਨ੍ਹਾਂ ਵਿੱਚ ਨਾ ਕੋਈ ਉੱਚਾ ਹੈ, ਨਾ ਨੀਵਾਂ, ਨਾ ਵੱਡਾ, ਨਾ ਛੋਟਾ, ਨਾ ਸੁਤੰਤਰ ਹੈ ਤੇ ਨਾ ਹੀ ਕਿਸੇ ਵਿਸ਼ੇਸ਼ ਬੰਧਨ ਦਾ ਮੁਹਤਾਜ ਹੈ। ਪਤੀ-ਪਤਨੀ ਦੋਵੇਂ ਹੀ ਸਮਾਂ ਪੈਣ ਤੇ ਆਪਣਾ-ਆਪਣਾ ਕਰਤੱਵ ਨਿਭਾਉਂਦੇ ਹਨ। ਦੁਨੀਆਂ ਦਾ ਚੱਲਣਾ ਨਾ ਇਕੱਲੇ ਆਦਮੀ ਦੇ ਸਿਰ ਤੇ ਹੈ ਅਤੇ ਨਾ ਇਕੱਲੀ ਨਾਰੀ ਅਨੁਸਾਰ ਹੀ ਹੈ। ਨਰ-ਨਾਰੀ ਦੇ ਸੰਬੰਧ ਅਨਿੱਖੜ ਹਨ। ਸਾਡੇ ਪ੍ਰਾਚੀਨ ਵਿਰਸੇ ਵਿੱਚ 'ਅਰਧ ਸਰੀਰੀ ਮੋਖ ਦੁਆਰੀ' ਦਾ ਜੋ ਸੰਕਲਪ ਪੇਸ਼ ਕੀਤਾ ਗਿਆ ਸੀ। ਉਹ ਇਹੀ ਅਸਲ ਸਚਾਈ ਤੇ ਟਿਕਿਆ ਹੈ ਕਿ ਸੰਸਾਰਕ ਕਾਰ-ਵਿਹਾਰ ਲਈ ਆਦਮੀ-ਔਰਤ ਦਾ ਯੋਗਦਾਨ ਬਰਾਬਰ ਹੋਣਾ ਜਰੂਰੀ ਹੈ। ਸਮਾਜਿਕ ਵਿਵਸਥਾ ਵਿੱਚ ਇੱਕ ਧਿਰ ਦਾ ਭਾਰੂ ਹੋ ਜਾਣਾ ਅਸੰਤੁਲਨ ਪੈਦਾ ਹੋ ਜਾਂਦਾ ਹੈ। ਸ਼ਿਵ ਕੁਮਾਰ ਅਜੇਹਾ ਸ਼ਾਇਰ ਹੈ ਜਿਸ ਨੇ ਔਰਤ ਦੇ ਦੁੱਖ ਦਰਦਾਂ ਨੂੰ, ਵਿਗਿਆਨਕ ਦ੍ਰਿਸ਼ਟੀ ਤੋਂ ਵਾਚਿਆ ਹੈ।

ਸਮਾਜ ਦੇ ਵਰਤਾਰੇ ਵਿੱਚ ਨਾਰੀ ਪ੍ਰਤੀ ਸ਼ਿਵ ਨੇ ਗਿਲ੍ਹਾ ਕਰਦਿਆਂ ਪੁੱਛਿਆ ਹੈ ਕਿ ਵਿਆਹ ਦੇ ਨਾਂ ਤੇ ਹੁੰਦੇ ਸੌਦੇ ਅਜੇ ਕਦੇ ਤੱਕ ਹੁੰਦੇ ਰਹਿਣਗੇ? ਆਪਣੇ ਚਾਹੇ ਅਤੇ ਚੁਣੇ ਪਿਆਰ ਦੀ ਥਾਂ ਨਰੜੇ ਵਿਆਹ ਸ਼ਿਵ ਮਗਰੋਂ ਵੀ ਚੱਲ ਰਹੇ ਹਨ। ਸਮਾਜ ਦੇ ਠੇਕੇਦਾਰਾਂ ਦੀਆਂ ਅਜਿਹੀਆਂ ਖ਼ਬਰਾਂ ਵੀ ਛਪਦੀਆਂ ਰਹਿੰਦੀਆਂ ਹਨ-

*ਕਿੰਨਾਂ ਚਿਰ ਡੋਲੀਆਂ*
*ਤੇ ਰੱਖਾਂ 'ਚ ਜਨਾਜ਼ੇ ਜਾਣੇ।*
*ਕਿੰਨਾਂ ਚਿਰ ਸੌਦੇ ਹੋਣੇ,*
*ਧੀਆਂ ਭੈਣਾਂ ਮਾਵਾਂ ਦੇ।*[8]

ਸ਼ਿਵ ਕੁਮਾਰ ਆਪਣੇ ਪਾਤਰਾਂ ਨਾਲ ਹਮਦਰਦੀ ਰੱਖਦਾ ਹੈ। ਇਸ ਪੱਖ ਤੋਂ ਉਸਦੀ ਰਚਨਾ ਲੂਣਾਂ ਬਾਰੇ ਪ੍ਰੋ. ਕਰਮਜੀਤ ਸਿੰਘ ਲਿਖਦੇ ਹਨ-

*"ਲੂਣਾਂ ਦੇ ਚਰਿੱਤਰ ਦੀ ਪੁਨਰ-ਵਿਆਖਿਆ ਵਿੱਚ ਸ਼ਿਵ ਕੁਮਾਰ ਦੀ ਜੇ ਕੋਈ ਦੇਣ ਮੰਨੀ ਜਾਂਦੀ ਹੈ ਤਾਂ ਉਹ ਕੇਵਲ ਇਹੀ ਹੈ ਕਿ ਪਰੰਪਰਾਗਤ ਤੌਰ ਉੱਤੇ ਦੂਸ਼ਿਤ ਆਚਰਣ ਵਾਲੀ ਲੂਣਾਂ ਦੇ ਇਲਜ਼ਾਮ ਲਈ ਸ਼ਿਵ ਕੁਮਾਰ ਨੇ ਮਨੋਵਿਗਿਆਨਕ ਨਿਆਂ-ਆਧਾਰ ਲੱਭਣ ਦਾ ਯਤਨ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਨਿਆਂ ਆਧਾਰ ਲੂਣਾਂ ਦੇ ਭਾਵ ਪ੍ਰਗਟਾਵੇ ਉੱਪਰ ਤਾਂ ਲਾਗੂ ਹੋ ਜਾਂਦਾ ਹੈ ਪਰ ਇਸ ਦੇ ਫਲਸਰੂਪ ਪੂਰਨ ਨਾਲ ਹੋਈ ਬੇਇਨਸਾਫ਼ੀ ਉੱਤੇ ਲਾਗੂ ਨਹੀਂ ਹੁੰਦਾ।"*[9]

ਲੂਣਾਂ ਮਹਾਂਕਾਵਿ ਵਿੱਚ ਸ਼ਿਵ ਨੇ ਮਨੁੱਖੀ ਲੋੜ ਨੂੰ ਸਾਹਮਣੇ ਲਿਆਂਦਾ ਹੈ ਭਾਂਵੇਂ ਉਹ ਕੋਈ ਵੀ ਪਾਤਰ ਹੋਵੇ। ਸਲਵਾਨ ਰਾਜਾ ਆਪਣੀ ਲੋੜ ਦੀ ਮਜਬੂਰੀ ਨੂੰ ਜ਼ਾਹਰ ਕਰਦਾ ਹੈ-

*ਸੋਚਣ ਲੱਗਾ ਕਿ ਧਰਤੀ ਤੇ ਜੂਨ ਹੰਢਾਈ।*
*ਅੱਗ ਦੀ ਨਦੀਉਂ, ਜਿਉਂ ਬੁੱਕਾਂ ਥੀਂ ਪੀਣਾਂ ਪਾਈ।*
*.....*
*ਅਤ੍ਰਿਪਤੀ ਤੇ ਲੱਜਿਆ ਦੇ ਕਾਲੇ ਕਮਰੇ ਵਿੱਚ।*
*ਇੱਕ ਦੂਜੇ ਦੇ ਅੰਗ ਵਲੱਸ ਕੇ, ਅਗਨੀ ਖਾਈ।*[10]

ਸ਼ਿਵ ਨੇ ਲੂਣਾਂ ਦੀ ਸ਼ਖ਼ਸੀਅਤ ਨੂੰ ਵੀ ਅਧਿਐਨ ਕਰਨ ਦਾ ਸ਼ੌਖ਼ ਵਾਸਤੇ ਵਾਸਤੇ ਕਈ ਪਾਤਰਾਂ ਨਾਲ ਸੁਮੇਲ ਕੀਤਾ ਹੈ। ਲੂਣਾਂ ਨਾਲ ਦੋ ਪਾਤਰ ਉਸਦੀ ਗੋਲੀ ਅਤੇ ਸਹੇਲੀ (ਜੋ ਨਾਰੀਆਂ ਹਨ) ਈਰਾ ਅਤੇ ਮਥਰੀ ਉਸ ਦੀ ਗੱਲ ਨੂੰ ਭਾਵਪੂਰਤ ਅਤੇ ਸਪੱਸ਼ਟ ਕਰਦੀਆਂ ਹਨ-

*ਟੁੱਕੜ ਡੰਗ ਦਾ, ਖਾ ਅਸੀਸ ਦੇਈਏ,*
*ਛਾਂਵਾਂ ਕੰਧਾਂ ਦੀਆਂ, ਧੁਰਾਂ ਤੋਂ ਸੁੱਤੀਆਂ ਹਾਂ।*
*ਲੂਣਾਂ ਦੇ ਅੰਤਰ ਦੀ ਲੂਣਾਂ,*
*ਲੂਣਾਂ ਤੋਂ ਅੱਜ ਦੂਰ ਬੜੀ ਹੈ।*
*ਅੱਜ ਦਾ ਇੱਥ ਜੰਗਲ ਹੈ ਜਿਸ ਵਿੱਚ,*
*ਉਹ ਨਿਰਸ਼ਬਦ ਅਬੋਲ ਖੜੀ ਹੈ।*[11]

ਲੂਣਾਂ ਦੀ ਵੇਦਨਾ ਹੈ, ਉਸਦੀਆਂ ਸੱਧਰਾਂ ਦੀ ਹਰ ਰੋਜ ਮੌਤ, ਪਿਆਰ ਦੀਆਂ ਸੁਰਾਂ ਦਾ ਜਾਗ ਪੈਣਾਂ। ਲੂਣਾਂ, ਇੱਕ ਨਾਰੀ ਵਾਂਗ ਇਸ ਸਭ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਲੂਣਾਂ ਪ੍ਰਾਪਤੀ ਲਈ ਵਿਲਕਦੀ ਹੈ। ਯਥਾਰਥ ਦੂਰ ਹੈ। ਬੱਸ ਕਲਾਈ ਕੰਬਦੀ ਹੀ ਰਹਿੰਦੀ ਹੈ। ਉਹ ਸੁਪਨੇ ਹੀ ਲੈਂਦੀ ਹੈ-

*ਮਹਿਕ ਦੇ ਕੱਜਣ ਲਿਪਟੇ ਹੋਏ,*

*ਨੀਲੇ ਸੁਪਨ ਜਿਹਾ,*

*ਜਿਉਂ ਕਿਸੇ ਵਿਧਵਾ ਹੌਕਾ ਭਰਿਆ,*

*ਸੁੰਨੀ ਸੇਜ ਵਿਛਾ।*[12]

ਸ. ਜਗਜੀਤ ਸਿੰਘ ਆਨੰਦ ਨੇ 1973 ਦੇ ਆਰਸੀ ਰਸਾਲੇ ਵਿੱਚ ਸ਼ਿਵ ਕੁਮਾਰ ਬਾਰੇ ਟਿੱਪਣੀ ਕੀਤੀ ਹੈ-

*"ਪੀੜਾਂ ਪਰੁੱਚੇ ਆਪਣੇ ਹਿਜਰ ਨੂੰ ਸਮੁੱਚੀ ਲੁਕਾਈ ਦਾ ਹਿਜਰ ਬਣਾਉਣ ਵਿੱਚ ਵਾਰਸ ਤੋਂ ਪਿੱਛੋਂ ਜੋ ਕਾਮਯਾਬੀ ਸ਼ਿਵ ਨੂੰ ਮਿਲੀ, ਹੋਰ ਕਿਸੇ ਪੰਜਾਬੀ ਸ਼ਾਇਰ ਨੂੰ ਨਹੀਂ ਮਿਲੀ। ਬੁੱਲ੍ਹੇ ਵਰਗਾ ਉਹ ਮਸਤ ਮਲੰਗ, ਪੂਰਨ ਸਿੰਘ ਵਰਗਾ ਅਲਬੇਲਾ, ਬਟਾਲੇ ਸ਼ਹਿਰ ਦਾ ਨਾਂ ਸ਼ਾਹ ਮੁਹੰਮਦ ਪਿੱਛੋਂ ਇਕੇਰਾ ਫੇਰ ਪੰਜਾਬੀ ਕਾਵਿ ਜਗਤ ਵਿੱਚ ਉੱਚਾ ਕਰ ਗਿਆ। ਕਾਦਰਯਾਰ ਦੇ ਕਿੱਸੇ ਦੀ ਖ਼ਲਨਾਇਕਾ 'ਲੂਣਾਂ' ਨੂੰ ਆਪਣੇ ਮਹਾਂਕਾਵਿ ਦੀ ਨਾਇਕਾ ਬਣਾ ਕੇ ਇਸਤਰੀਅਤ ਨਾਲ ਜੋ ਇਨਸਾਫ਼ ਕੀਤਾ, ਉਸਦਾ ਮੁੱਲ ਚਿਰਾਂ ਤੱਕ ਨਹੀਂ ਚੁਕਾਇਆ ਜਾ ਸਕਦਾ।"*[13]

ਅਸਲ ਵਿੱਚ ਕਾਦਰਯਾਰ ਅਤੇ ਹੋਰ ਕਿੱਸਾਕਾਰਾਂ ਨੇ ਚਲੰਤ ਲੋਕ-ਕਹਾਣੀ ਅਨੁਸਾਰ ਲੂਣਾਂ ਨੂੰ ਦੋਸ਼ੀ ਠਹਿਰਾਇਆ ਸੀ। ਮਰਦ ਲੇਖਕ ਦੇ ਮਨ ਵਿੱਚ ਵੀ ਔਰਤ ਹੀ ਇਸ ਦਾ ਕਾਰਣ ਹੋ ਸਕਦੀ ਹੈ। ਪੂਰਨ ਭਗਤ ਦੀ ਮਾਂ ਹੁੰਦਿਆਂ ਉਹ ਆਪਣੇ ਬੇਟੇ ਤੇ ਕਿਵੇਂ ਮੋਹਿਤ ਹੋ ਸਕਦੀ ਹੈ। ਸ਼ਿਵ ਨੇ ਪਹਿਲੀ ਵਾਰ ਔਰਤ ਦੇ ਮਨ-ਮੰਦਰ ਵਿੱਚ ਬੈਠ ਕੇ ਉਸਦੀ ਵੇਦਨਾ ਨੂੰ ਸਮਝਿਆ ਹੈ ਅਤੇ ਸਮਝਾਇਆ ਹੈ। ਪਾਠਕ ਨੂੰ ਇਹ ਗੱਲ ਜਚ ਗਈ ਤੇ ਚੱਲ ਰਹੀ ਕਹਾਣੀ ਦਾ ਵੇਗ ਹੀ ਸਹੀ ਦਿਸ਼ਾ ਨੂੰ ਮੋੜ ਦਿੱਤਾ ਗਿਆ। ਇਸ ਤਰ੍ਹਾਂ ਸ਼ਿਵ ਨੇ ਇੱਕ ਸੱਚਾ ਲੇਖਕ ਹੋ ਕੇ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ। ਨਾਰੀ ਜਾਤੀ ਸ਼ਿਵ ਦੀ ਸਦਾ ਰਿਣੀ ਰਹੇਗੀ।

ਕਈ ਤਰ੍ਹਾਂ ਦੇ ਪ੍ਰੈਕਟੀਕਲ ਉਦਾਹਰਨ ਦੇ ਕੇ ਨਾਰੀ ਦੀ ਪ੍ਰਚੱਲਤ ਹਾਲਤ ਤੇ ਵਿਅੰਗ ਕਰਕੇ, ਸ਼ਿਵ ਨੇ ਨਾਰੀ ਨੂੰ ਮਾਂ, ਬਿਨ ਜੀਭੀ ਗਾਂ ਅਤੇ ਅਣਗੌਲੀ ਸਿੱਧ ਕਰਕੇ ਆਪਣੀ ਬਿਬੇਕ ਅਨੁਸਾਰ ਗੱਲ ਕੀਤੀ ਹੈ-

*ਇਹ ਇੱਛਰਾਂ ਸੰਗ*

*ਵੀ ਆਇਆ ਹੈ,*

*ਉਹ ਤੇਰੇ*

*ਵਿਹੜੇ ਦੀ ਛਾਂ ਹੈ*

*ਤੇ ਤੇਰੇ ਪੁੱਤਰ ਦੀ ਮਾਂ ਹੈ,*

*ਨਾਰੀ ਜਦ ਇੱਕ*

*ਮਾਂ ਬਣ ਜਾਵੇ*

*ਨਾਰੀ ਨਹੀਂ*

*ਬੇ-ਜੀਭੀ ਗਾਂ ਹੈ।*[14]

*ਗਾਂ ਅਤੇ ਉਹ ਵੀ ਬੇ-ਜੀਭੀ, ਕਿਆ ਪ੍ਰਤੀਕ ਹੈ!*

*ਨੀ ਇਹ ਉਹ ਕੁੱਤੇ ਜੋ ਨਾ ਕਰਨ ਰਾਖੀ।*

*ਸੰਨ੍ਹ ਮਾਰਦੇ ਵਫ਼ਾ ਦੇ ਨਾਮ ਉੱਤੇ।*

*ਦਿਨੇ ਹੋਰ ਦੇ ਦਰਾਂ ਤੇ ਟੁੱਕ ਖਾਂਦੇ।*

*ਰਾਤੀਂ ਹੋਰ ਦੇ ਦਰਾਂ ਤੇ ਜਾ ਸੁੱਤੇ।*[15]

ਇੱਥੇ ਇੱਕ ਗੱਲ ਖ਼ਾਸ ਤੌਰ ਤੇ ਜ਼ਿਕਰਯੋਗ ਹੈ ਕਿ ਰਾਜੇ/ਅਮੀਰਾਂ ਦੇ ਘਰਾਂ ਦੀ ਇੱਕ ਮਰਿਆਦਾ ਹੁੰਦੀ ਹੈ। ਉਨ੍ਹਾਂ ਨਿਯਮਾਂ ਮੁਤਾਬਿਕ ਕੋਈ ਛੋਟੀ ਪਦਵੀ ਵਾਲਾ ਵੱਡੇ ਨੂੰ ਸਿੱਧੇ-ਅਸਿੱਧੇ ਤੌਰ ਤੇ ਤਾਹਨੇ-ਮਿਹਣੇ ਨਹੀਂ ਮਾਰ ਸਕਦਾ। ਲੱਗਦੈ ਸ਼ਿਵ ਕੁਮਾਰ ਨੇ ਇਹ ਗੱਲ ਸ਼ਾਇਦ ਨਹੀਂ ਸੋਚੀ ਕਿ ਨੌਕਰਾਨੀ ਨੂੰ ਬੇਸ਼ੱਕ ਸਲਵਾਨ ਦੇ ਦੂਜੇ ਵਿਆਹ ਤੇ ਇੱਛਰਾ ਰਾਣੀ ਦੇ ਡੂੰਘੇ ਦੁੱਖ ਦੀ ਸ਼ਹਿ ਹੈ। ਸ਼ਾਇਦ ਉਸ ਦੇ ਅਚੇਤ ਮਨ ਵਿੱਚ ਕਿਸੇ ਨਿੱਜੀ ਤਜਰਬੇ ਦੀ ਕੁੜੱਤਣ ਵੀ ਘੁਲੀ ਹੋਵੇ, ਤਾਂ ਵੀ ਲੋਕਰਾਮੀ ਦਾ ਰਾਜੇ-ਰਾਣੀ ਨਾਲ ਜੋ ਮਾਣ-ਮਰਯਾਦਾ ਦਾ ਸੰਬੰਧ ਹੈ, ਉਸਦਾ ਧਿਆਨ ਰੱਖਣਾ ਚਾਹੀਦਾ ਸੀ। ਜੇ ਇਹੀ ਗੱਲ ਗੋਲੀ ਦੀ ਥਾਂ, ਇੱਛਰਾ ਦੀ ਕੋਈ ਸਹੇਲੀ ਕਰਦੀ ਤਾਂ ਗੱਲ ਘੱਟ ਉਪਰੀ ਲੱਗਦੀ।

ਸ਼ਿਵ ਨੇ ਆਦਮੀ ਦੀ ਕਾਮਨਾ ਅਤੇ ਔਰਤ ਨੂੰ ਇਸਦਾ ਬਾਲਣ ਬਨਾਉਣ ਦੀ ਉਸਦੀ ਰੁਚੀ ਦਾ ਵਰਨਣ ਗੋਲੀ ਦੇ ਸ਼ਬਦਾਂ ਵਿੱਚ ਇੰਜ ਕੀਤਾ ਹੈ-

*ਮਰਦ ਮੁਸ਼ਕੇ ਜਾ ਬਹਿੰਦੇ ਨੀ ਕੰਜਰਾਂ ਦੇ*

*ਕੱਲੀ ਕਾਰੀ ਨਾਰੀ ਦੀ ਬਾਤ ਕੀ ਏ?*[16]

ਪ੍ਰੋ. ਕਰਮਜੀਤ ਸਿੰਘ, ਸ਼ਿਵ ਕੁਮਾਰ ਦੀ ਵਿਸ਼ੇਸ਼ ਪ੍ਰਾਪਤੀ ਇਸ ਤਰ੍ਹਾਂ ਮੰਨਦੇ ਹਨ ਕਿ-

*"ਸ਼ਿਵ ਕੁਮਾਰ ਦੀ ਉਚੇਰੀ ਪ੍ਰਾਪਤੀ ਉਸ ਦੀ ਦਲੇਰੀ ਵਿੱਚ ਹੈ ਜਿਸ ਦੁਆਰਾ ਉਸ ਨੇ ਆਪਣੀ ਨਜ਼ਰ ਤੋਂ ਰਵਾਇਤੀ ਵਿਅੰਜਨਾਂ ਦਾ ਜਾਲਾ ਲਾਹ ਕੇ ਮੱਧਕਾਲ ਤੋਂ ਚੱਲੀਆਂ ਆ ਰਹੀਆਂ ਸਦਾਚਾਰਕ ਕੀਮਤਾਂ ਦੇ ਟੂਣੇ ਨੂੰ ਤੋੜਨ ਦਾ ਯਤਨ ਕੀਤਾ ਹੈ ਅਤੇ ਉਹ ਅਧਿਕਾਰ ਜੋ ਹਿੰਦੁਸਤਾਨੀ ਔਰਤਾਂ ਪਾਸੋਂ ਸਦੀਆਂ ਤੋਂ ਖੁੱਸੇ ਰਹੇ, ਮੁੱਢੋਂ ਸੁੱਢੋਂ, ਉਸਦੇ ਕਦਮਾਂ ਉੱਤੇ ਰੱਖ ਕੇ, ਉਸ ਨੂੰ ਸਿੱਧਿਆਂ ਖਲਾਰਨ ਦਾ ਰਚਨਾਤਮਕ ਉਪਰਾਲਾ ਕੀਤਾ ਹੈ।"*[17]

ਇਵੇਂ ਹੀ ਸ਼ਿਵ ਨੇ ਨਾਰੀ ਦੀ ਘੁੱਟਣ ਡਾਇਲਾਗਾਂ ਰਾਹੀਂ ਪੇਸ਼ਕਾਰੀ ਕੀਤੀ ਹੈ। ਲੂਣਾਂ ਮਹਾਂਕਾਵਿ ਵਿੱਚ ਸ਼ਿਵ ਨੇ ਲੂਣਾਂ ਅਤੇ (ਸਹੇਲੀ/ਗੋਲੀ) ਦੇ ਸੰਵਾਦਾਂ ਰਾਹੀਂ ਨਾਰੀ ਦੀ ਅਵਸਥਾ ਦੇ ਵਿਚਾਰਾਂ ਦਾ ਮੰਥਨ ਕੀਤਾ ਹੈ। ਗੋਲੀ, ਲੂਣਾਂ ਦੀ ਕਹੀ ਗੱਲ ਨੂੰ ਕੇਵਲ ਭਰਮ ਦੱਸਦੀ ਹੈ। ਸ਼ਿਵ ਨੇ ਲੂਣਾਂ ਮਹਾਂਕਾਵਿ ਵਿੱਚ ਗੋਲੀ ਦੇ ਮੂੰਹੋਂ ਅਖਵਾਇਆ ਹੈ-

*ਗੋਲੀ :*

*ਇਹ ਤਾਂ ਨਿਰਾ ਹੈ*

*ਅੰਧ-ਵਿਸ਼ਵਾਸ਼ ਰਾਣੀ*

*ਅੱਖਾਂ ਮੁੰਦ ਕੇ ਖੂਹੇ ਦੀ ਮਣ੍ਹ ਭੌਣੀ*

*ਏਸ ਤਰ੍ਹਾਂ*

*ਇਸ ਦੇਸ ਦੀ ਨਾਰ ਰਾਣੀ*

*ਲੱਖਾਂ ਜਨਮ ਨਾ ਦੁੱਖਾਂ ਤੋਂ*

*ਮੁਕਤ ਹੋਣੀ।*

*ਇੱਛਰਾ :*

*ਨਾਰੀ ਨਾਂ ਹੀ*

*ਅੰਧ ਵਿਸ਼ਵਾਸ਼ ਦਾ ਹੈ*

*ਨਾਰੀ ਸਦਾ ਅਨਿਆਂ 'ਚੋਂ ਜਨਮ ਲੈਂਦੀ*

*ਨਾਰੀ ਨਾਮ - ਐਸੇ ਅਹਿਸਾਸ ਦਾ ਹੈ।*[18]

ਸ਼ਿਵ ਨੇ ਲੂਣਾਂ ਰਚ ਕੇ ਸਾਹਿਤ ਅੰਦਰ ਇੱਕ ਨਵਾਂ ਮੋੜ ਕੱਟਿਆ ਹੈ। ਇੱਕ ਨਾਰੀ ਦੇ ਦੁੱਖ ਦਾ ਚਿੰਤਨ, ਇੱਛਰਾ ਦੇ ਰੂਪ ਵਿੱਚ ਕਿੰਨਾਂ ਪ੍ਰਭਾਵਸ਼ਾਲੀ ਹੈ, ਸ਼ਿਵ ਨੇ ਇਸ ਵਿੱਚ ਇੱਕ ਔਰਤ ਦੀ ਪਰਾਧੀਨਤਾ ਦੇ ਮੁੱਖ ਕਾਰਣ ਅਤੇ ਪੈਸੇ-ਟਕੇ ਦੀ ਅਧੀਨਗੀ ਉੱਤੇ ਵੀ ਉਂਗਲ ਧਰੀ ਹੈ। ਵੇਖੋ ਔਰਤ ਦੀ ਤਸ਼ਬੀਹ ਕੰਧ ਦੀ ਛਾਂ ਨਾਲ ਕੀਤੀ ਹੈ-

*ਟੁੱਕੜ ਡੰਗ ਦਾ ਖਾ ਅਸੀਸ ਦੇਈਏ,*

*ਛਾਵਾਂ ਕੰਧਾਂ ਦੀਆਂ ਧੁਰਾਂ ਤੋਂ ਸੁੱਤੀਆਂ ਹਾਂ।*

ਔਰਤ ਆਪਣੇ ਨਾਲ ਹੋਈ ਜੱਗੋਂ ਤੇਰਵੀਂ ਸਹਿੰਦੀ ਰਹਿੰਦੀ ਹੈ ਪਰ ਉਭਾਸਰਦੀ ਨਹੀਂ। ਸ਼ਿਵ ਕੁਮਾਰ ਨੇ ਆਪਣੀ ਕਵਿਤਾ ਵਿੱਚ ਗੋਲੀ (ਨੌਕਰਾਨੀ) ਦੇ ਮੂੰਹੋਂ ਮਰਦ ਦੀਆਂ ਜ਼ਿਆਦਤੀਆਂ ਅਖਵਾ ਕੇ, ਇੱਛਰਾ ਨੂੰ ਸੁਣਾਇਆ ਹੈ। ਇੱਛਰਾ ਜੋ ਆਪਣੇ ਪਤੀ ਲਈ ਖੁਦ ਚੰਗਾ-ਮੰਦਾ ਨਹੀਂ ਬੋਲਦੀ, ਸਵਾਲ ਪੈਦਾ ਹੁੰਦਾ ਹੈ ਕਿ ਉਹ ਇੱਕ ਨੌਕਰਾਨੀ ਤੋਂ ਇਹ ਗੱਲਾਂ ਕਿਵੇਂ ਸੁਣਦੀ ਅਤੇ ਬਰਦਾਸ਼ਤ ਕਰਦੀ ਹੈ। ਮਰਦਾਂ ਦੇ ਇਸ ਤ੍ਰਿਸਕਾਰ ਦੀ ਵੰਨਗੀ ਦੇਖੋ। ਦੇਵਤਾ ਅਤੇ ਦੈਂਤ ਦਾ ਫਰਕ ਵੇਖੋ-

*ਇੱਕ ਦੈਂਤ ਨੂੰ ਦੇਵਤਾ ਸਮਝ ਕਾਹਨੂੰ*

*ਗੋਰੇ ਹੱਥ ਨਿਮਾਣੀਏਂ ਜੋੜਨੀ ਏਂ?*

ਇਸ ਉਕਸਾਹਟ ਲਈ ਸ਼ਬਦ ਰਾਖਸ਼ (ਦੈਂਤ) ਵਰਤਦੇ ਕਵੀ ਦੁਆਰਾ ਮਰਦ ਪ੍ਰਤੀ ਬਗਾਵਤ ਦੀ ਨਿਸ਼ਾਨੀ ਹੈ। ਇੱਕ ਹੋਰ ਥਾਂ ਹੀਰ-ਵਾਰਸ ਵਾਂਗ ਗੁਣ-ਔਗੁਣ ਪਰਖੇ ਹਨ। ਬੰਦਾ ਜਾਤ ਦੀ ਜਾਨਵਰਾਂ ਨਾਲ ਤਸ਼ਬੀਹ ਕੀਤੀ ਹੈ -

*ਇਸ ਜਾਤ ਤੋਂ ਰਾਣੀਏ ਭਲੇ ਕੁੱਤੇ।*

ਇਸ ਸ਼ਬਦ ਕੁੱਤੇ, ਇੱਕ ਪ੍ਰਤੀਕਾਤਮਕ ਘਟੀਆ ਸ਼ਬਦ ਹੈ ਜੋ ਕਵੀ ਨੇ ਮਰਦ ਦੀ ਤੁਲਨਾ ਵਜੋਂ ਵਰਤਿਆ ਹੈ। ਇੰਨਾ ਹੀ ਸ਼ਬਦਾਂ ਦਾ ਪ੍ਰਯੋਗ ਇਸੇ ਹੀ ਤੁਕਾਂਤ ਅਤੇ ਰਹਾਅ ਵਿੱਚ ਬਾਬਾ ਬੁੱਲ੍ਹੇ ਸ਼ਾਹ ਨੇ ਕੀਤਾ ਹੈ-

*ਕੁੱਤੇ, ਤੈਥੋਂ ਉੱਤੇ,*

*ਮਾਲਕ ਦਾ ਦਰ ਕਦੇ ਨਾ ਛੱਡਦੇ*

*ਭਾਂਵੇਂ ਸੌ-ਸੌ ਵੱਜਣ ਜੁੱਤੇ*

*ਤੈਥੋਂ ਉੱਤੇ।... (ਬਾਬਾ ਬੁੱਲ੍ਹੇ ਸ਼ਾਹ)*

ਬਟਾਲਵੀ ਵਾਂਗ ਸਮੇਂ-ਸਮੇਂ ਕਈ ਲਿਖਾਰੀਆਂ, ਕਵੀਆਂ, ਵਿਦਵਾਨਾਂ ਅਤੇ ਸਮਾਜ ਸੁਧਾਰਕਾਂ ਨੇ ਨਾਰੀ ਦੇ ਹੱਕਾਂ ਦੀ ਗੱਲ ਕੀਤੀ। ਇਸ ਲਹਿਰ ਨੂੰ ਨਾਰੀਵਾਦ ਕਿਹਾ ਗਿਆ। ਸਵਰਨਜੀਤ ਸਵੀ ਅਤੇ ਕਈ ਹੋਰ ਲੇਖਕਾਂ ਨੇ ਆਪਣੀਆਂ ਕਵਿਤਾਵਾਂ, ਕਹਾਣੀਆਂ, ਨਾਟਕਾਂ, ਲੇਖਾਂ ਅਤੇ ਭਾਸ਼ਣਾਂ ਰਾਹੀਂ ਇਸ ਨੂੰ ਬਲ ਪ੍ਰਦਾਨ ਕੀਤਾ। ਸ਼੍ਰੀਮਤੀ ਪ੍ਰੀਤਮ ਨੇ ਆਪਣੀ ਪੂਰੀ ਜ਼ਿੰਦਗੀ, ਪੂਰੀ ਸਾਹਿਤ-ਰਚਨਾ ਵਿੱਚ ਇਸਤਰੀ ਦੇ ਦਰਦਾਂ ਨੂੰ ਲਿਖ ਕੇ, ਆਪਣੀ ਗੱਲ ਕਹਿਣ ਦਾ ਯਤਨ ਕੀਤਾ। ਅੰਮ੍ਰਿਤਾ ਪ੍ਰੀਤਮ ਦਾ ਸ਼ਿਵ ਨਾਲ ਵੀ ਸਨੇਹ ਸੀ-

*ਮੈਂ ਹੋਰ ਕੁੱਝ ਨਹੀਂ ਜਾਣਦੀ*

*ਪਰ ਏਨਾ ਜਾਣਦੀ*

*ਇਹ ਵਕਤ ਜੋ ਵੀ ਕਰੇਗਾ*

*ਇਹ ਜਨਮ ਤੇਰੇ ਨਾਲ ਤੁਰੇਗਾ।*[19]

ਸ਼ਿਵ ਦੀ ਰਚਨਾ ਦਾ ਸਮਾਂ 1955 ਈਸਵੀ ਤੋਂ 1965 ਤੱਕ ਭਰ ਜੋਬਨ ਤੇ ਸੀ। ਇਸ ਸਮੇਂ ਸਾਹਿਤ ਰਚਨਾ ਦੀ ਲਹਿਰ ਉਸਦੇ ਪੂਰੇ ਜੋਬਨ ਤੇ ਸੀ। ਸੰਨ 1961 ਵਿੱਚ ਲਿਖੀ ਸ਼ਿਵ ਦੀ ਕਵਿਤਾ 'ਗਰਭਵਤੀ' - ਕਾਵਿ ਰਚਨਾ - 'ਬਿਰਹਾ ਤੂੰ ਸੁਲਤਾਨ' ਇਸਦੀ ਇੱਕ ਉਦਾਹਰਨ ਹੈ। ਉਹ ਲਿਖਦਾ ਹੈ-

*ਤਨ ਦੀ ਸੰਦਲੀ ਗੋਲੀ ਵਿੱਚੋਂ,*

*ਇਹ ਕੇਹੀ ਖ਼ੁਸ਼ਬੋ ਪਈ ਆਵੇ।*

*ਜੀਕਣ ਹਿੰਗ ਕਥੂਰੀ ਦੇ ਵਿੱਚ,*

*ਛਿੱਟ ਸਾਰੀ ਡੁੱਲ ਜਾਏ,*

*ਤੇ ਮਰਨ ਸੁਗੰਧੀਆਂ।*[20]

'ਕੰਡਿਆਲੀ ਥੋਰ' ਕਵਿਤਾ ਵਿੱਚ ਸ਼ਿਵ ਦੀ ਸੰਵੇਦਨਾ, ਨਾਰੀ ਦੇ ਸਮੁੱਚੇ ਜੀਵਨ ਦੀ ਦਰਦ ਭਰੀ ਤਸਵੀਰ ਹੈ। ਇਸ ਵਿੱਚ ਭਾਰਤੀ ਸਮਾਜ ਅੰਦਰ ਲੰਮੇ ਸਮੇਂ ਤੋਂ ਚੱਲ ਰਹੀ ਨਾਰੀ ਦੀ ਵਿਵਸਥਾ ਦਾ ਉਦਾਹਰਨਾਂ ਰਾਹੀਂ ਵਰਨਣ ਹੈ। ਸ਼ਿਵ ਨਾਰੀ ਨੂੰ ਥੋਰ ਵਾਂਗ ਐਸਾ ਜੀਵ ਦੱਸਦਾ ਹੈ ਜੋ ਅਣਚਾਹਿਆ ਉੱਗਦਾ, ਕੁਦਰਤੀ ਸ਼ਕਤੀ ਨਾਲ ਵੱਧਦਾ, ਬਹੁਤ ਸਾਰੇ ਸਮੇਂ ਦੇ ਥਪੇੜੇ ਝੱਲਦਾ ਵੀ ਵੱਧਦਾ ਰਹਿੰਦਾ ਹੈ। ਇਸਦਾ ਜੀਵਨ ਕਿਸੇ ਲਈ ਖੁਸ਼ੀ ਭਰਪੂਰ ਹੁੰਦਾ ਹੇ ਪਰੰਤੂ ਖੁਦ ਨਾਰੀ ਲਈ ਨਹੀਂ। ਉਹ ਕੰਡਿਆਲੇ ਬੂਟੇ ਵਾਂਗ ਹੀ ਰਹਿੰਦੀ ਹੈ।

*ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾਂ,*

*ਉੱਚੀ ਵਿੱਚ ਉਜਾੜਾਂ।*

*ਜਾਂ ਉੱਡਦੀ ਬਦਲੋਟੀ ਕੋਈ,*

*ਵਰ੍ਹ ਗਈ ਵਿੱਚ ਪਹਾੜਾਂ।*[21]

ਇਹ ਥੋਰ੍ਹ (ਨਾਰੀ) ਪੀਰਾਂ ਦੀ ਦੇਹਰੀ ਤੇ ਜਗਣ ਵਾਲਾ ਦੀਵਾ ਹੈ, ਐਸੀ ਕੋਇਲ ਹੈ ਜਿਸਦੀਆਂ ਨਾੜਾਂ (ਗਲ੍ਹੇ ਦੀਆਂ) ਨੱਪ ਦਿੱਤੀਆਂ ਜਾਣ ਅਤੇ ਉਹ ਬੋਲ ਨਾ ਸਕੇ। ਚੰਬੇ ਦੀ ਕੋਈ ਟਹਿਣੀ ਜੋ ਬਾਲ (ਸਾੜ) ਦਿੱਤੀ ਜਾਏ। ਮਰੂਏ ਦੇ ਫੁੱਲ ਨੂੰ ਗੁਟਾਰਾਂ ਨੇ ਖਾ ਲਿਆ ਹੋਵੇ। ਕਿਸੇ ਮਾਲੀ ਨੇ ਉਸ ਬੋਟ ਨੂੰ ਗੁਲੇਲਾ ਮਾਰਿਆ ਹੋਵੇ ਜਿਸਦੀਆਂ ਅਜੇ ਅੱਖਾਂ ਵੀ ਨਹੀਂ ਸਨ ਖੁੱਲ੍ਹੀਆਂ। ਕਿਸੇ ਬੀਆਬਾਨ (ਕੁਰਾਹੇ) ਉੱਗੀ ਥੋਰ੍ਹ ਹੋਵੇ ਜਿਸਨੂੰ ਕਿਸੇ ਮਾਲੀ ਦੇ ਸਿੰਜਣ ਦੀ ਉਮੀਦ ਨਾ ਹੋਵੇ। ਗੱਲ ਕੀ ਔਰਤ ਪ੍ਰਤੀ ਇੱਕੋ ਕਵਿਤਾ ਵਿੱਚ ਇੰਨੇ ਬਿੰਬ ਵਰਤੇ ਹਨ ਕਿ ਪਾਠਕ ਹੈਰਾਨ ਰਹਿ ਜਾਂਦਾ ਹੈ-

*ਮੈਂ ਉਸ ਚੰਦਰੀ ਡੋਲੀ ਜਿਸ ਦੀ,*

*ਲੁੱਟ ਲਈ ਆਪ ਕਹਾਰਾਂ,*

*ਬੰਨ੍ਹਣ ਦੀ ਥਾਂ ਬਾਬਲ ਜਿਸਦੇ,*

*ਆਪ ਕਲੀਰੇ ਲਾਹੇ।*[22]

ਸ਼ਿਵ ਨੇ ਇਸ ਕਵਿਤਾ ਰਾਹੀਂ ਨਾਰੀ ਨੂੰ ਅਜੇਹੀ ਚਾਦਰ ਗਰਦਾਨਿਆਂ ਹੈ ਜੋ ਲੀਰਾਂ-ਲੀਰਾਂ ਹੋ ਗਈ ਹੋਵੇ। ਮੇਲ ਲਈ ਡਾਹੇ ਪਲੰਘ ਤਿੜਕ (ਟੁੱਟ) ਗਏ ਹੋਣ। ਅਜੇਹਾ ਦਰਖ਼ਤ (ਥੋਰ੍ਹ) ਜੋ ਕਿਸੇ ਜਾਨਵਰ ਦੀ ਖੁਰਾਕ ਵੀ ਨਹੀਂ ਬਣ ਸਕਦਾ। ਦੁਨੀਆਂ ਤੇ ਲੱਗਣ ਵਾਲੇ ਰੌਣਕੀ ਮੇਲਿਆਂ ਦਾ ਉਸ ਨੂੰ ਕੀ ਭਾਅ ਜਦੋਂ ਉਹ ਕੋਈ ਖੁਸ਼ੀ ਮਨਾ ਹੀ ਨਹੀਂ ਸਕਦੀ।

*ਸਿਖਰ ਦੁਪਹਿਰੇ ਜੇਠ ਦੀਆਂ ਨੂੰ,*

*ਸਾਉਣ ਕਿਵੇਂ ਮੈਂ ਆਖਾਂ।*

*ਚੌਹੀਂ ਕੂਟੀਂ ਭਾਵੇਂ ਲੱਗਣ,*

*ਲੱਖ ਤੀਆਂ ਦੇ ਮੇਲੇ।*[23]

ਸ਼ਿਵ ਅਨੁਸਾਰ ਬੂਟੇ ਥੋਰ੍ਹ ਵਰਗੀ ਨਾਰੀ ਜੋ ਭਾਵੇਂ ਬਾਗ ਵਿੱਚ ਪੈਦਾ ਹੋਈ ਹੋਵੇ ਪਰ ਉਸਦੇ ਮੁੱਢ ਵਿੱਚ ਫਨੀਅਰ ਨਾਗ ਨੇ ਖੁੱਡ (ਘਰ) ਬਣਾ ਲਿਆ ਹੋਵੇ। ਐਸੀ ਮੁਰਗਾਈ ਜਿਸਨੂੰ ਸ਼ਿਕਰੇ ਨੇ ਫੜ ਲਿਆ ਹੋਵੇ। ਸ਼ਿਵ ਅਨੁਸਾਰ ਨਾਰੀ ਨੂੰ ਸੌ-ਸੌ (ਬਹੁਤ) ਦੁੱਖ ਹਨ। ਜੋ ਹਰ ਪਾਸੇ ਤੋਂ ਤੰਗ ਹੋ ਕੇ ਹਰ ਸਮੇਂ ਬੱਸ ਰੋਂਦੀ ਹੀ ਰਹਿੰਦੀ ਹੈ। ਉਸਦਾ ਪਿਆਰ ਸਿਰੇ ਨਹੀਂ ਚੜ੍ਹਿਆ ਅਤੇ ਸਮਾਜਿਕ ਜ਼ੁਲਮ ਦਾ ਸ਼ਿਕਾਰ ਹੁੰਦੀ ਰਹਿੰਦੀ ਹੈ।

ਲੂਣਾਂ ਮਹਾਂਕਾਵਿ ਦੀ ਰਚਨਾ 1965 ਵਿੱਚ ਹੋਈ। ਇਹੀ ਸਮਾਂ ਸੀ, ਜਦੋਂ ਸ਼ਿਵ ਦੀ ਕਾਵਿ ਰਚਨਾ ਦੀ ਵੇਗ (ਗਤੀ) ਪੂਰੇ ਸ਼ਿਖਰ ਤੇ ਸੀ। ਸ਼ਿਵ ਦਾ ਪ੍ਰਸ਼ਨ ਹੈ-

*ਪਿਤਾ ਜੇ ਧੀ ਦਾ ਰੂਪ ਹੰਢਾਵੇ,*

*ਤਾਂ ਲੋਕਾਂ ਨੂੰ ਲਾਜ ਨਾ ਆਵੇ।*

*ਜੇ ਲੂਣਾਂ ਪੂਰਨ ਨੂੰ ਚਾਹਵੇ,*

*ਚਰਿੱਤਰਹੀਣ ਕਹੇ ਕਿਉਂ,*

*ਜੀਭ ਜਹਾਨ ਦੀ।*

ਸਿੱਧੇ ਤੌਰ ਤੇ ਇਹ ਗੱਲ ਚੁੱਭਦੀ ਹੈ ਪਰੰਤੂ ਅਸਲੀਅਤ ਇਹੀ ਹੈ ਕਿ ਯੋਗ ਵਰ ਨਾ ਹੋਣ ਤੇ ਸਾਰੀ ਉਮਰ ਦਾ ਰੋਣਾ ਪੱਲੇ ਪੈ ਜਾਂਦਾ ਹੈ। ਸਮਾਜ ਵਿੱਚ ਅਜੇਹੇ ਹਜ਼ਾਰਾਂ ਰਿਸ਼ਤੇ ਉਮਰ ਪੱਖੋਂ ਅਨਜੋੜ ਹਨ। ਇਨ੍ਹਾਂ ਪਿੱਛੇ ਸ਼ੀਸ਼ੋ ਵਾਂਗ ਪਿਓ ਦੀ ਗਰੀਬੀ ਵੀ ਹੋ ਸਕਦੀ ਹੈ ਤੇ ਸਲਵਾਨ ਵਰਗੇ ਰਾਜੇ ਦਾ ਧੱਕਾ ਵੀ। ਦਰੋਪਦੀ ਵਰਗਾ ਸੁਅੰਬਰ ਵੀ ਅਤੇ ਨੂਰਾਂ ਵਰਗੀ ਬੇਵਫ਼ਾਈ ਵੀ। ਸ਼ਿਵ ਨੇ ਔਰਤ ਦੀ ਪੀੜ ਦੇ ਕਾਰਨਾਂ ਨੂੰ ਅਲੱਗ-ਅਲੱਗ ਜੀਵਨ-ਕਹਾਣੀਆਂ ਰਾਹੀਂ ਕਵਿਤਾ ਵਿੱਚ ਬਿਆਨ ਕੀਤਾ ਹੈ।

ਭਾਰਤੀ ਸਮਾਜ ਵਿੱਚ ਧੀਆਂ ਦੇ, ਮਾਪਿਆਂ ਦੇ ਅੰਦਰੂਨੀ ਡਰ ਨੂੰ ਸ਼ਿਵ ਨੇ ਮਾਕੂਲ ਸ਼ਬਦਾਂ ਵਿੱਚ ਬੜਾ ਵਧੀਆ ਬਿਆਨ ਕੀਤਾ ਹੈ। ਅਗਰ ਕਿਸੇ ਦੀ ਧੀ ਸੋਹਣੀ ਨਹੀਂ ਹੈ ਤਾਂ ਵਿਆਹ ਸਮੇਂ ਉਸਦੇ ਰਿਸ਼ਤੇ ਵਿੱਚ ਮੁਸ਼ੱਕਤ ਆਵੇਗੀ। ਅਗਰ ਧੀ ਸੁੰਦਰ ਹੈ ਤਾਂ ਲੋਕਾਂ ਦੀ ਨਜ਼ਰਾਂ ਤੋਂ ਮਾਪਿਆਂ ਨੂੰ ਸਦਾ ਡਰ ਰਹਿੰਦਾ ਹੈ। ਸਚਾਈ ਹੈ-

*ਧੀਆਂ ਜੇ ਲੋਕਾਂ ਹੋਣ ਕਰੂਪੀਆਂ,*

*ਕੌਣ ਖੜੇ ਪਰਨਾ।*

*ਧੀਆਂ ਜੇ ਲੋਕਾਂ ਹੋਣ ਸੁਨੱਖੀਆਂ,*

*ਦੇਂਦਾ ਈ ਲੋਕ ਡਰਾ।*[24]

ਸਮਾਜ ਦੇ ਕੁੱਝ ਕੁ ਦਾਨਸ਼ਵਰ ਲੋਕਾਂ ਨੂੰ ਛੱਡ ਕੇ ਸਾਡੇ ਭਾਰਤੀ ਸਮਾਜ ਅੰਦਰ ਅਜੇ ਵੀ 'ਮਰਦ ਪ੍ਰਧਾਨ ਸਮਾਜ ਵਾਲੀ ਫ਼ਿਤਰਤ' ਕਾਇਮ ਹੈ। ਬਹੁਤਿਆਂ ਦੇ ਮਨ-ਮੰਦਰ ਅੰਦਰ ਅਜੇ ਵੀ ਕਬੀਲਾਈ ਸੋਚ ਭਾਰੂ ਹੈ ਜੋ ਸਮੇਂ-ਸਮੇਂ ਆਪਣੇ ਰੰਗ ਵਿਖਾਉਂਦੀ ਰਹਿੰਦੀ ਹੈ। ਹਿਜਰ ਦੇ ਵਿੱਚ ਔਸੀਆਂ ਪਾ-ਪਾ ਕੇ ਉਮਰ ਗਾਲਣੀ, ਬੜਾ ਹੀ ਦਰਦਨਾਕ ਤੇ ਡਰਾਉਣਾ ਸੰਕਲਪ ਹੈ। ਉਡੀਕ ਵਿੱਚ, ਦਿਲ ਅਤੇ ਪਿੰਡੇ ਨੂੰ ਸਾੜ ਲੈਣਾ, ਬਿਰਹਾ ਦੀ ਇੱਕ ਹੋਰ ਅਨੋਖੀ ਤੇ ਅਜੀਬ ਗੱਲ ਹੈ।

*ਯਾਦ ਤੇਰੀ ਦੇ ਤਪਦੇ ਰਾਹੀਂ,*

*ਮੈਂ ਔਸੀਆਂ ਵਾਹ ਵਾਹ (ਪਾ) ਉਮਰ ਗਾਲੀ,*

*ਇੱਕ ਮੇਲ ਤੇਰੇ ਦੀ ਮੈਲੀ ਜਿੰਦੜੀ,*

*ਵੇ ਘੋਲ ਕੱਲਰ ਮੈਂ ਨਿੱਤ ਹੰਗਾਲੀ।*

*ਨਿੱਤ ਉਡੀਕਾਂ ਦੀ ਅੱਗ ਪੀ-ਪੀ-*

*ਕੇ ਦਿਲ ਦਾ ਪਿੱਤਾ ਮੈਂ ਸਾੜ ਲੀਤਾ,*

*ਮੈਂ ਆਪ ਆਪਣੀ ਖ਼ੁਸ਼ੀ ਦੇ ਚੰਬੇ-*

*ਦੀ ਛਾਂਗ ਸੁੱਟੀ ਹੈ ਡਾਲੀ-ਡਾਲੀ।*[25]

ਸ਼ਿਵ ਕੁਮਾਰ ਦੀ ਸਾਧਨਾ ਦਾ ਸਿਖਰ ਵੇਖੋ, ਜਦੋਂ ਉਹ ਲੂਣਾਂ ਦੇ ਰੋਮਾਂਸ ਨਾਲ ਭਰੇ ਵਾਰਤਾਲਾਪ, ਆਪਣੀ ਸਹੇਲੀ ਈਰਾ ਨਾਲ ਕਰਕੇ ਗੱਲ ਨੂੰ ਸਪੱਸ਼ਟ ਕਰਦੀ ਹੈ। ਇਵੇਂ ਹੀ ਪੂਰਨ ਦੀ ਆਪਣੀ (ਮਾਂ ਲੱਗਦੀ) ਲੂਣਾਂ ਨਾਲ ਅਜੇਹੇ ਬਿਆਨ-ਵਟਾਂਦਰੇ ਹਨ। ਆਪਣੇ ਦਿਲਾਂ ਦੇ ਦਰਦ ਨੂੰ ਬਿਆਨਣ ਵਿੱਚ ਸ਼ਿਵ ਨੇ ਕੋਈ ਕਸਰ ਨਹੀਂ ਰਹਿਣ ਦਿੱਤੀ। ਇੱਕ ਨਾਰੀ ਦੀ ਆਪਣੀ ਅੰਦਰਲੀ ਪੀੜ ਕਿਵੇਂ ਕੁਰਲਾ ਕੇ ਸ਼ਬਦਾਂ ਰਾਹੀਂ ਬਿਆਨ ਕੀਤੀ ਜਾ ਸਕਦੀ ਹੈ, ਇਹ ਉਸਦਾ ਪ੍ਰਮਾਣ ਹੈ। ਕਿੱਸਿਆਂ ਵਿੱਚ ਕਈ ਕਵੀਆਂ ਨੇ ਲੂਣਾਂ ਦਾ ਜੋ ਪੂਰਨ ਪ੍ਰਤੀ ਰਵੱਈਆ ਅਖ਼ਤਿਆਰ ਕੀਤਾ ਹੈ, ਲਿਖਿਆ ਹੈ, ਉਹ ਗੈਰ-ਕੁਦਰਤੀ ਲੱਗਦਾ ਹੈ। ਉਨ੍ਹਾਂ ਦੀ ਲੂਣਾਂ ਨਾਲ ਨਫ਼ਰਤ ਅਤੇ ਪੂਰਨ ਨਾਲ ਹਮਦਰਦੀ ਸਾਫ ਹੈ। ਲੂਣਾਂ ਰਾਹੀਂ ਸ਼ਿਵ ਨੇ ਇਸ ਕਥਾ ਨੂੰ ਮੋੜ ਦਿੱਤਾ ਹੈ। ਸ਼ਿਵ ਦੀ ਕਹਾਣੀ ਸੁਭਾਵਿਕ ਹੈ, ਤਰਕ ਵਾਲੀ ਹੈ ਅਤੇ ਪ੍ਰੈਕਟੀਕਲ ਹੈ। ਇਹ ਮੰਨਣਯੋਗ ਹੈ, ਜਿਵੇਂ-

*ਮੱਥੇ ਦੀ ਰੰਡੀ ਨੂੰ*

*ਕਦੀ ਵੀ ਚੈਨ ਨਾ ਆਏ।*

*ਦੇਹ-ਵਿਹੂਣੀ ਦੇਹ ਦੀ,*

*ਸੇਜਾ ਮਾਨਣ ਜਾਏ।*

*ਪੂਰਨ-*

*ਏਥੇ ਕੋਈ ਵੀ ਸੱਚ ਨਹੀਂ,*

*ਸਭ ਕੂੜਾ ਹੈ,*

*ਏਥੇ ਜੋ ਪਰਤੱਖ ਹੈ,*

*ਉਸ ਵਿੱਚ ਪਰਤੱਖ ਹੈ।*

*ਏਥੇ ਜਿਸ ਦੀ ਹੋਂਦ ਹੈ,*

*ਉਸ ਦੀ ਹੋਂਦ ਨਹੀਂ।*[26]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸ਼ਿਵ ਕਾਵਿ ਦਾ ਮੁੱਖ ਵਿਸ਼ਾ ਹੀ ਨਾਰੀ ਦੀ ਸੰਵੇਦਨਾ ਹੈ। ਸ਼ਿਵ ਦੀ ਸੰਪੂਰਨ, ਕਾਵਿ ਰਚਨਾ, ਨਾਰੀ ਦੀ ਪੀੜ ਦੇ ਦੁਆਲੇ ਘੁੰਮਦੀ ਹੈ। ਨਾਰੀ ਦੇ ਹਰ ਪੱਖ ਨੂੰ ਲੈ ਕੇ ਕੀਤੀ ਬਿਆਨਬਾਜੀ ਔਰਤ ਦੇ ਅੰਦਰੂਨੀ ਵਲਵਲਿਆਂ ਨੂੰ ਸਾਹਮਣੇ ਲਿਆਉਂਦੀ ਹੈ।

## ***ਹਵਾਲੇ ਅਤੇ ਟਿੱਪਣੀਆਂ***


1. ਪਿਆਰਾ ਸਿੰਘ, ਹਵਾਲਾ- ਅੰਮ੍ਰਿਤ ਲਾਲ ਪਾਲ (ਪੁਸਤਕ ਸ਼ਿਵ ਕੁਮਾਰ- ਜੀਵਨ ਤੇ ਰਚਨਾ), ਪੰਨਾ 23
2. ਜੀਵਨ ਸਿੰਘ (ਸੰਪਾ.), ਸੰਪੂਰਨ ਕਾਵਿ-ਸੰਗ੍ਰਹਿ (ਸ਼ਿਵ ਕੁਮਾਰ), ਪੰਨਾ 111
3. ਉਹੀ, ਪੰਨਾ 58
4. ਉਹੀ, ਪੰਨਾ 146
5. ਉਹੀ, ਪੰਨਾ 141
6. ਉਹੀ, ਪੰਨਾ 68
7. ਉਹੀ, ਪੰਨਾ 78
8. ਉਹੀ, ਪੰਨਾ 60
9. ਡਾ. ਕਰਮਜੀਤ ਸਿੰਘ, ਕਾਵਿ ਸੰਵੇਦਨਾ, ਪੰਨਾ 123
10. ਉਹੀ, ਪੰਨਾ 112
11. ਉਹੀ, ਪੰਨਾ 118
12. ਉਹੀ, ਪੰਨਾ 309
13. ਜਗਜੀਤ ਸਿੰਘ ਆਨੰਦ, ਆਰਸੀ, 1973, ਪੰਨਾ 11
14. ਜੀਵਨ ਸਿੰਘ (ਸੰਪਾ.), ਸੰਪੂਰਨ ਕਾਵਿ-ਸੰਗ੍ਰਹਿ (ਸ਼ਿਵ ਕੁਮਾਰ), ਪੰਨਾ 336
15. ਉਹੀ, ਪੰਨਾ 362
16. ਉਹੀ, ਪੰਨਾ 360
17. ਡਾ. ਕਰਮਜੀਤ ਸਿੰਘ, ਕਾਵਿ ਸੰਵੇਦਨਾ, ਪੰਨਾ 123
18. ਜੀਵਨ ਸਿੰਘ (ਸੰਪਾ.), ਸੰਪੂਰਨ ਕਾਵਿ-ਸੰਗ੍ਰਹਿ (ਸ਼ਿਵ ਕੁਮਾਰ), ਪੰਨਾ 364
19. ਅੰਮ੍ਰਿਤਾ ਪ੍ਰੀਤਮ ਦੀ ਆਖ਼ਰੀ ਕਵਿਤਾ, ਪੰਜਾਬੀ ਟ੍ਰਿਬਿਊਨ, ਮਿਤੀ 06.11.2005, ਪੰਨਾ 1
20. ਜੀਵਨ ਸਿੰਘ (ਸੰਪਾ.), ਸੰਪੂਰਨ ਕਾਵਿ-ਸੰਗ੍ਰਹਿ (ਸ਼ਿਵ ਕੁਮਾਰ), ਪੰਨਾ 43
21. ਉਹੀ, ਪੰਨਾ 43
22. ਉਹੀ, ਪੰਨਾ 43
23. ਉਹੀ, ਪੰਨਾ 44
24. ਉਹੀ, ਪੰਨਾ 359
25. ਸ਼ਿਵ ਕੁਮਾਰ, ਪੀੜਾਂ ਦਾ ਪਰਾਗਾ, ਪੰਨਾ 27-28
26. ਜੀਵਨ ਸਿੰਘ (ਸੰਪਾ.), ਸੰਪੂਰਨ ਕਾਵਿ-ਸੰਗ੍ਰਹਿ (ਸ਼ਿਵ ਕੁਮਾਰ), ਪੰਨਾ 454-455